# ਨਾਟਕ 'ਜਨਸ਼ਤਰੂ' ਇਕ ਵੱਡੀ ਪ੍ਰਾਪਤੀ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਚੰਡੀਗੜ੍ਹ ਤਿੰਨ ਪ੍ਰਾਂਤਾਂ ਦਾ ਕੇਂਦਰ ਗਿਣਿਆ ਜਾਂਦਾ ਹੈ। ਪੰਜਾਬ, ਹਰਿਆਣਾ ਅਤੇ ਯੂਨੀਅਨ ਟੈਰੀਟਰੀ। ਹਿਮਾਚਲ ਦੀਆਂ ਸਭਿਆਚਾਰਕ ਸਰਗਰਮੀਆਂ ਲਈ ਵੀ ਚੰਡੀਗੜ੍ਹ ਇਕ ਖਿੱਚ ਹੈ। ਪਿਛਲੇ ਕੁਝ ਅਰਸੇ ਤੋਂ ਪ੍ਰਾਂਤਾਂ ਦਾ ਵਿੱਤੀ ਸੰਕਟ ਸਭਿਆਚਾਰਕ ਸਰਗਰਮੀਆਂ ਉਤੇ ਫਰਕ ਪਾ ਰਿਹਾ ਹੈ, ਪਰ ਇਹ ਖੁਸ਼ਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਪੰਜਾਬ ਯੂਨੀਵਰਸਿਟੀ ਦਾ ਡਰਾਮਾ ਵਿਭਾਗ ਕਾਇਮ ਹੈ ਅਤੇ ਇਸ ਨੇ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ ਹਨ। ਸਾਲ 1999 ਦੇ ਅਖੀਰ ਵਿਚ ਇਸੇ ਵਿਭਾਗ ਦੇ ਵਿਦਿਆਰਥੀਆਂ ਵਲੋਂ ਇਬਸਨ ਦਾ ਨਾਟਕ 'ਜਨਸ਼ਤਰੂ' ਪ੍ਰੋ. ਕੁਮਾਰ ਵਰਮਾ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਗਿਆ। ਕਿਹਾ ਜਾ ਸਕਦਾ ਹੈ ਕਿ ਡਰਾਮਾ ਵਿਭਾਗ ਦੀ ਇਹ ਇਕ ਵੱਡੀ ਪ੍ਰਾਪਤੀ ਹੈ। ਇਬਸਨ ਦਾ ਇਹ ਸ਼ਾਹਕਾਰ ਨਾਟਕ ਹੈ। ਨਾਟਕ ਕੀ ਹੋਵੇ? ਨਾਟਕ 'ਜਨਸ਼ਤਰੂ' ਇਕ ਨਾਟਕ ਦੀ ਪ੍ਰੀਭਾਸ਼ਾ ਤੇ ਹਰ ਲਿਹਾਜ਼ ਨਾਲ ਪੂਰਾ ਉਤਰਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਨਾਟਕ ਟੀਮਾਂ ਦੀਆਂ ਜੋ ਮਜਬੂਰੀਆਂ ਅਤੇ ਸੀਮਾਵਾਂ ਹਨ, ਉਸ ਲਿਹਾਜ਼ ਨਾਲ ਇਹ ਨਾਟਕ ਯੂਨੀਵਰਸਿਟੀ ਦੇ ਵਿਦਿਆਰਥੀ ਹੀ ਕਰ ਸਕਦੇ ਸਨ ਅਤੇ ਪ੍ਰੋ. ਕੁਮਾਰ ਵਰਮਾ ਹੀ ਇਹ ਤਿਆਰ ਕਰਵਾ ਸਕਦੇ ਸਨ।

ਐਨਸਾਈਕਲੋਪੀਡੀਆ ਵਿਚ ਇਬਸਨ ਬਾਰੇ ਜਾਣਕਾਰੀ ਇਨ੍ਹਾਂ ਸ਼ਬਦਾਂ ਵਿਚ ਮਿਲਦੀ ਹੈ:

'ਇਬਸਨ ਹੈਨਰਿਕ ਜੋਹਾਨ (1828-1906) ਆਧੁਨਿਕ ਨਾਟਕ ਦਾ ਪਿਤਾਮਾ ਗਿਣਿਆ ਜਾਂਦਾ ਹੈ। ਉਹਦੇ ਨਾਟਕ ਜ਼ਿੰਦਗੀ ਦੇ ਯਥਾਰਥ ਨੂੰ ਯਥਾਰਥਵਾਦੀ ਅਤੇ ਪ੍ਰਤੀਕਾਤਮਕ ਸ਼ੈਲੀ ਵਿਚ ਪੇਸ਼ ਕਰਦੇ ਹਨ। ਉਹਦੇ ਨਾਟਕਾਂ ਵਿਚ ਪੀਅਰ ਜੈਂਟ (1867), ਏ ਡਾਲਜ਼ ਹਾਊਸ (1879), ਘੋਸਟਸ (1881), ਐਨ ਐਨੀਮੀ ਆਫ ਪੀਪਲ (1882), ਹੈਡਾ ਗੈਬਲਰ (1890) ਅਤੇ ਦੀ ਮਾਸਟਰ ਬਿਲਡਰ (1892) ਸ਼ਾਮਲ ਹਨ। ਨਾਟਕ ਸਾਹਿਤ ਵਿਚ ਇਹ ਸਾਰੇ ਨਾਟਕ ਕਲਾਸਕੀ ਦਰਜਾ ਰੱਖਦੇ ਹਨ।

ਪੰਜਾਬੀ ਪਾਠਕਾਂ ਲਈ ਇਬਸਨ ਦਾ ਨਾਂ ਕੋਈ ਓਪਰਾ ਨਹੀਂ। ਏ ਡਾਲਜ਼ ਹਾਊਸ (ਗੁੱਡੀ ਘਰ) ਦਾ ਪੰਜਾਬੀ ਰੂਪ ਸੰਤ ਸਿੰਘ ਸੇਖੋਂ ਹੋਰਾਂ ਦੀ ਕਲਮ ਤੋਂ ਹੈ। ਅੱਜ ਤੋਂ ਕੋਈ ਵੀਹ ਸਾਲ ਪਹਿਲਾਂ ਇਸ ਨਾਟਕ ਦੀ ਪੇਸ਼ਕਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਰਾਮਾ ਵਿਭਾਗ ਦੇ ਵਿਦਿਆਰਥੀਆਂ ਨੇ ਡਾ. ਸੁਰਜੀਤ ਸਿੰਘ ਸੇਠੀ ਹੋਰਾਂ ਦੀ ਨਿਰਦੇਸ਼ਨਾ ਥੱਲੇ ਕੀਤੀ ਸੀ। ਇਹ ਇਕ ਯਾਦਗਾਰੀ ਪੇਸ਼ਕਾਰੀ ਸੀ। ਨਾਟਕ ਲਈ ਜੋ ਸੈਟ ਬਣਾਇਆ ਗਿਆ, ਉਹ ਪੰਜਾਬੀ ਨਾਟਕ ਲਈ ਇਕ ਇਤਿਹਾਸਕ ਪ੍ਰਾਪਤੀ ਸੀ। ਘੋਸਟਸ (ਭੂਤ) ਦਾ ਪੰਜਾਬੀ ਰੂਪ ਮੈਂ ਭਾਸ਼ਾ ਵਿਭਾਗ ਦੇ ਇਕ ਪ੍ਰਾਜੈਕਟ ਲਈ ਕੀਤਾ ਅਤੇ ਅੰਮ੍ਰਿਤਸਰ ਵਿਚ ਇਹਦੀ ਪੇਸ਼ਕਾਰੀ ਕੀਤੀ। ਹੁਣ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ 'ਜਨਸ਼ਤਰੂ' ਪੇਸ਼ ਕਰਕੇ ਇਕ ਨਵਾਂ ਇਤਿਹਾਸ ਸਿਰਜਿਆ ਹੈ। ਇਹ ਨਾਟਕ ਹਿੰਦੀ ਵਿਚ ਕੀਤਾ ਗਿਆ ਹੈ ਅਤੇ ਹਿੰਦੀ ਰੂਪਾਂਤਰ ਜੇ. ਐਨ. ਕੌਸ਼ਲ ਦੀ ਕਲਮ ਤੋਂ ਹੈ। ਪ੍ਰੋ. ਕੁਮਾਰ ਵਰਮਾ ਨੇ ਇਹਦੀ ਨਿਰਦੇਸ਼ਨਾ ਕੀਤੀ ਹੈ ਜਦੋਂ ਕਿ ਪ੍ਰੋ. ਮਹਿੰਦਰ ਨੇ ਇਸ ਨੂੰ ਡਿਜ਼ਾਈਨ ਕੀਤਾ ਹੈ। ਡਰਾਮਾ ਵਿਭਾਗ ਦੇ ਸਟੂਡੀਓ ਵਿਚ ਇਹ ਨਾਟਕ 21-24 ਦਸੰਬਰ, 1999 ਨੂੰ ਕੀਤਾ ਗਿਆ ਤੇ ਹੁਣ 14-18 ਜਨਵਰੀ, 2000 ਇਹਦੀਆਂ ਹੋਰ ਪੇਸ਼ਕਾਰੀਆਂ ਹੋਈਆਂ।

ਨਾਟਕ ਦੀ ਕਹਾਣੀ ਇਕ ਕਸਬੇ ਦੀ ਕਹਾਣੀ ਹੈ। ਇਸ ਕਸਬੇ ਬਾਰੇ ਇਹ ਜਾਣਿਆ ਜਾਂਦਾ ਹੈ ਕਿ ਇਥੇ ਪਾਣੀ ਦੇ ਚਸ਼ਮੇ ਹਨ ਅਤੇ ਇਹ ਪਾਣੀ ਸਿਹਤ ਲਈ ਬੜਾ ਮੁਫੀਦ ਹੈ। ਦੂਰੋਂ ਦੂਰੋਂ ਸੈਲਾਨੀ ਇਸ ਕਸਬੇ ਵਿਚ ਆਉਂਦੇ ਹਨ। ਇਸ ਕਸਬੇ ਦੀ ਸਾਰੀ ਆਰਥਿਕਤਾ ਇਨ੍ਹਾਂ ਚਸ਼ਮਿਆਂ ਨਾਲ ਜੁੜੀ ਹੋਈ ਹੈ। ਹੋਟਲਾਂ ਦਾ ਕਾਰੋਬਾਰ ਵੀ ਇਸੇ ਗੱਲ 'ਤੇ ਨਿਰਭਰ ਹੈ। ਉਥੇ ਇਕ ਡਾਕਟਰ ਆਉਂਦਾ ਹੈ। ਉਹ ਕਸਬੇ ਦੀ ਮਿਊਂਸਪਲ ਕਮੇਟੀ ਦਾ ਕਰਮਚਾਰੀ ਹੈ। ਉਹਦਾ ਭਰਾ ਇਸ ਕਮੇਟੀ ਦਾ ਮੇਅਰ ਹੈ। ਕੁਝ ਚਿਰ ਉਥੇ ਕੰਮ ਕਰਨ ਤੋਂ ਬਾਅਦ ਡਾਕਟਰ ਨੂੰ ਇਹ ਸ਼ੱਕ ਪੈਂਦਾ ਹੈ ਕਿ ਚਸ਼ਮੇ ਦਾ ਪਾਣੀ ਸਾਫ ਸੁਥਰਾ ਨਹੀਂ। ਇਹ ਪ੍ਰਦੂਸ਼ਤ ਹੈ। ਇਹਦੇ ਵਿਚ ਕੁਝ ਮਾਤਰਾ ਵਿਚ ਰਸਾਇਣਕ ਮਿਲਾਵਟ ਹੈ, ਤਾਂਹੀਓਂ ਜਿਹੜੇ ਸੈਲਾਨੀ ਇਥੋਂ ਜਾਂਦੇ ਹਨ, ਉਹ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਉਹ ਪਾਣੀ ਦੇ ਨਮੂਨੇ ਲੈ ਕੇ ਵੱਡੇ ਸ਼ਹਿਰ ਦੀ ਲੈਬਾਰਟਰੀ ਵਿਚ ਭੇਜਦਾ ਹੈ। ਨਾਟਕ ਦਾ ਸ਼ੁਰੂ ਹੈ ਕਿ ਲੈਬਾਰਟਰੀ ਦੀ ਰਿਪੋਰਟ ਆ ਗਈ ਹੈ। ਡਾਕਟਰ ਦਾ ਸ਼ੱਕ ਸਹੀ ਨਿਕਲਦਾ ਹੈ। ਹੁਣ ਇਹ ਵਾਦ-ਵਿਵਾਦ ਵਾਲਾ ਮੁੱਦਾ ਬਣ ਜਾਂਦਾ ਹੈ ਕਿ ਇਹ ਰਿਪੋਰਟ ਪ੍ਰੈਸ ਨੂੰ ਦਿੱਤੀ ਜਾਏ ਕਿ ਨਾ? ਜੇਕਰ ਇਹ ਰਿਪੋਰਟ ਬਾਹਰ ਜਾਂਦੀ ਹੈ ਤਾਂ ਕਸਬੇ ਦੀ ਆਰਥਿਕਤਾ ਤਬਾਹ ਹੋਣ ਦਾ ਖਤਰਾ ਹੈ। ਸੈਲਾਨੀ ਆਉਣੇ ਬੰਦ ਹੋ ਜਾਣਗੇ। ਦੂਜੇ ਪਾਸੇ ਇਸ ਪਾਣੀ ਦੀ ਵਰਤੋਂ ਮਨੁੱਖੀ ਸਿਹਤ ਲਈ ਠੀਕ ਨਹੀਂ। ਇਬਸਨ ਨੇ ਇਸ ਨਾਟਕ ਦੀ ਵਿਉਂਤਬੰਦੀ ਜਿਸ ਤਰ੍ਹਾਂ ਕੀਤੀ ਹੈ ਉਹ ਖਪਤਵਾਦੀ ਸਮਾਜ 'ਤੇ ਇਕ ਵੱਡੀ ਚੋਟ ਹੈ। ਮਨੁੱਖ ਜਾਂ ਉਹਦੀ ਜ਼ਿੰਦਗੀ ਮਹੱਤਵਪੂਰਨ ਨਹੀਂ, ਸਗੋਂ ਵਪਾਰ ਅਤੇ ਮੁਨਾਫਾ ਵੱਧ ਅਹਿਮੀਅਤ ਰੱਖਦਾ ਹੈ।

ਇਕ ਪਾਸੇ ਡਾਕਟਰ ਹੈ, ਜਿਸ ਦੇ ਲਈ ਜ਼ਮੀਰ ਦੀ ਆਵਾਜ਼ ਜ਼ਿੰਦਗੀ ਦੀ ਆਵਾਜ਼ ਹੈ। ਦੂਜੇ ਪਾਸੇ ਮੇਅਰ ਹੈ, ਜਿਹੜਾ ਜ਼ਮੀਰ ਦੀ ਆਵਾਜ਼ ਨੂੰ ਇਕ ਫਾਲਤੂ ਜਿਹੀ ਚੀਜ਼ ਸਮਝਦਾ ਹੈ। ਡਾਕਟਰ ਦਾ ਟੱਬਰ ਇਕ ਧਿਰ ਹੈ। ਉਹਦੀ ਵਹੁਟੀ ਉਹਦੀ ਕਮਜ਼ੋਰੀ ਵੀ ਹੈ ਅਤੇ ਪ੍ਰੇਮਿਕਾ ਵੀ ਹੈ। ਪ੍ਰੈਸ ਵਾਲੇ ਹਨ। ਮੌਕਾਪ੍ਰਸਤ ਪੱਤਰਕਾਰ ਵੀ ਹਨ। ਭੀੜ ਵੀ ਹੈ ਜੋ ਕਦੀ ਇਕ ਪਾਸੇ ਤੇ ਕਦੀ ਦੂਜੇ ਪਾਸੇ ਹੁੰਦੀ ਹੈ। ਬੌਂਦਲੇ ਹੋਏ ਲੋਕ ਹਨ। ਇਬਸਨ ਨੇ ਜ਼ਮੀਰ ਦੀ ਇਸ ਲੜਾਈ ਨੂੰ ਇਕ ਸਦੀਵੀ ਲੜਾਈ ਦੇ ਰੂਪ ਵਿਚ ਪੇਸ਼ ਕੀਤਾ ਹੈ। ਨਾਟਕੀ ਟੱਕਰ ਹੈ। ਸ਼ਕਤੀਸ਼ਾਲੀ ਅਤੇ ਚੁਸਤ ਨਾਟਕੀ ਵਾਰਤਾਲਾਪ ਹਨ। ਉਹ ਕਸਬਾ ਕਿਸੇ ਵੀ ਮੁਲਕ ਦਾ ਕੋਈ ਵੀ ਕਸਬਾ ਹੋ ਸਕਦਾ ਹੈ। ਜ਼ਮੀਰ ਦੀ ਲੜਾਈ ਹਰ ਥਾਂ ਹੈ। ਅਦਾਕਾਰਾਂ ਦਾ ਸੰਵਾਦ ਉਚਾਰਨ (ਡਾਇਲਾਗ ਡਲੀਵਰੀ) ਆਪਣੇ ਆਪ ਵਿਚ ਇਕ ਨਾਟਕ ਦੀ ਵਿਸ਼ੇਸ਼ਤਾ ਹੈ।

ਪਾਰਖੂ ਅੱਖ ਨਾਲ ਵੇਖਣ ਵਾਲਾ ਵੇਖ ਸਕਦਾ ਹੈ ਕਿ ਇਸ ਨਾਟਕ ਵਿਚ ਵੀਹ ਦੇ ਵੀਹ ਪਾਤਰ ਭਾਵੇਂ ਉਹ ਮੁੱਖ ਪਾਤਰ ਡਾਕਟਰ ਦੇ ਰੂਪ ਵਿਚ (ਕੁਲਦੀਪ ਸਿੰਘ ਰੋਹਿਲ), ਮੇਅਰ (ਅਮਿਤ ਧਵਨ), ਤਿਆਗੀ ਜੀ (ਰਵਿੰਦਰ ਸਿੰਘ), ਸਵਿੱਤਰੀ (ਲੇਖਾਣਾ ਮੁਲਾਕਲਵਰ) ਜਾਂ ਉਹ ਭੀੜ ਦੀ ਸ਼ਕਲ ਵਿਚ (ਅਨੂਪ ਸ਼ਰਮਾ) ਹਨ, ਸਾਰੇ ਦੇ ਸਾਰੇ ਬੜਾ ਡੂੰਘਾ ਪ੍ਰਭਾਵ ਛੱਡਦੇ ਹਨ। ਪ੍ਰੋ. ਕੁਮਾਰ ਵਰਮਾ ਦਾ ਇਹ ਕਮਾਲ ਹੈ ਕਿ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਕੋਲੋਂ ਉਨ੍ਹਾਂ ਦੀ ਸਮਰੱਥਾ ਅਨੁਸਾਰ ਕੰਮ ਲਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਪੇਸ਼ਕਾਰੀ ਵਿਦਿਆਰਥੀਆਂ ਨੂੰ ਉਤਸ਼ਾਹਤ ਕਰੇਗੀ ਕਿ ਉਹ ਥੀਏਟਰ ਦੇ ਕਿੱਤੇ ਨੂੰ ਅਪਨਾਉਣ ਤੇ ਇਸ ਕਲਾ ਦੇ ਵਿਕਾਸ ਵਿਚ ਆਪਣਾ ਹਿੱਸਾ ਪਾਉਣ।

ਇਕ ਸ਼ਹਿਰ ਵਿਚ ਚੰਗਾ ਨਾਟਕ ਹੋਵੇ ਤਾਂ ਉਹ ਉਸ ਸ਼ਹਿਰ ਵਿਚ ਰਹਿ ਰਹੇ ਹੋਰ ਕਲਾਕਾਰਾਂ ਲਈ ਵੀ ਪ੍ਰੇਰਨਾਸਰੋਤ ਹੋਵੇਗਾ ਕਿ ਉਹ ਚੰਗੇ ਤੋਂ ਚੰਗਾ ਨਾਟਕ ਕਰਨ। ਚੰਡੀਗੜ੍ਹ, ਮੁਹਾਲੀ, ਪੰਚਕੂਲਾ ਵਿਚ ਬੜੇ ਹੀ ਕਲਾਕਾਰ ਮੁੰਡੇ ਕੁੜੀਆਂ ਨਾਟਕ ਖੇਤਰ ਵਿਚ ਕੰਮ ਕਰਨਾ ਚਾਹੁੰਦੇ ਹਨ। ਨਾਟਕ ਦੀ ਇੱਜ਼ਤ ਅਤੇ ਮਾਣ ਬਣੇ ਇਹ ਇਕ ਬੜੀ ਵੱਡੀ ਗੱਲ ਹੈ। 'ਜਨਸ਼ਤਰੂ' ਨੇ ਨਾਟਕ ਨੂੰ ਮਾਣ ਦਿੱਤਾ ਹੈ। ਨਾਟਕ ਦਾ ਬਰੋਸ਼ਰ ਵੀ ਆਪਣੇ ਆਪ ਵਿਚ ਇਕ ਸਾਂਭਣਯੋਗ ਦਸਤਾਵੇਜ਼ ਹੈ। ਨਾਟਕ ਦੇ ਦੋ ਵਾਰਤਾਲਾਪ, ਇਥੇ ਦੇਣਾ ਚੰਗਾ ਹੋਵੇਗਾ:

'ਜੋ ਕੁਰਸੀ 'ਤੇ ਬੈਠ ਜਾਏ ਉਹ ਸਮਝਦਾ ਹੈ ਕਿ ਦੁਨੀਆਂ ਦਾ ਸਾਰਾ ਸੱਚ ਉਹਦੀ ਮੁੱਠੀ ਵਿਚ ਹੈ। ਭਾਵੇਂ ਅਸਲੀਅਤ ਇਹ ਹੁੰਦੀ ਹੈ ਕਿ ਉਹਦੇ ਕੋਲ ਮੁੱਠੀ ਵਿਚ ਰੇਤ ਦੇ ਸਿਵਾ ਕੁਝ ਨਹੀਂ ਹੁੰਦਾ'- ਅਤੇ 'ਦੁਨੀਆਂ ਵਿਚ ਸਾਰਿਆਂ ਨਾਲੋਂ ਤਕੜਾ ਬੰਦਾ ਉਹ ਹੈ, ਜਿਸ ਵਿਚ ਇਕੱਲਾ ਖਲੋਣ ਦੀ ਹਿੰਮਤ ਹੈ।'

ਪੰਜਾਬੀ ਯੂਨੀਵਰਸਿਟੀ ਦੇ ਡਰਾਮਾ ਵਿਭਾਗ ਨੂੰ ਇਸ ਸ਼ਾਹਕਾਰ ਪੇਸ਼ਕਾਰੀ ਲਈ ਸਲਾਮ ਕਰਨਾ ਬਣਦਾ ਹੈ।